# Bhagauti Astotar

ੴ ਵਾਹਿਗੁਰੂ ਜੀ ਕੀ ਫਤਹਿ ਹੈਂ ॥

ਸ੍ਰੀ ਭਗਉਤੀ ਜੀ ਸਹਾਇ ॥ ਪਾਤਿਸ਼ਾਹੀ ੧੦ ॥
ਨਮੋ ਸ੍ਰੀ ਭਗੌਤੀ ਬਢੇਲੀ ਸਰੋਹੀ ॥ ਕਰੇਂ ਏਕ ਤੇ ਦ੍ਵੈ ਸੁਭਟ ਹਾਥ ਸੋਹੀ ॥
ਨਮੋ ਲੋਹ ਕੀ ਪੁਤ੍ਰਿਕਾ ਝਲ ਝਲੰਤੀ ॥ ਨਮੋ ਜੀਭ ਜ੍ਵਾਲਾਮੁਖੀ ਜਯੋ ਬਲੰਤੀ ॥
ਮਹਾਂ ਪਾਨ ਕੀ ਬਾਨ ਗੰਗਾ ਤਰੰਗੀ ॥ ਭਿਰੇ ਸਾਮੁਹੇ ਮੋਖ ਦਾਤੀ ਅਭੰਗੀ ॥
ਨਮੋ ਤੇਗ ਤਰਵਾਰ ਸ੍ਰੀ ਖੱਗ ਖੰਡਾ ॥ ਮਹਾਂ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ ॥
ਮਹਾਂ ਤੇਜ ਖੰਡਾ ਦੁਖੰਡਾ ਦੁਧਾਰਾ ॥ ਸਭੇ ਸ਼ਤ੍ਰ ਬਨ ਕੋ ਮਹਾਂ ਭੀਮ ਆਰਾ ॥
ਮਹਾਂ ਕਾਲਿਕਾ ਕਾਲ ਕੋ ਕਾਲ ਹੰਤੀ ॥ ਮਹਾਂ ਅਸਤ੍ਰ ਤੂਹੀ ਤੂਹੀ ਸ਼ਤ੍ਰ ਹੰਤੀ ॥
ਮਹਾਂ ਕਾਲ ਕੀ ਲਾਟ ਵਿਕਰਾਲ ਭੀਮੰ ॥ ਬਹੀ ਤੱਛ ਮੁੱਛੰ ਕਰੇ ਸਤ੍ਰ ਕੀਮੰ ॥
ਮਹਾਂ ਤੇਜ ਕੀ ਤੇਜਤਾ ਤੇਜ ਵੰਤੀ ॥ ਪ੍ਰਜਾ ਖੰਡਨੀ ਦੰਡਨੀ ਸਤ੍ਰ ਹੰਤੀ ॥
ਮਹਾਂ ਵੀਰ ਵਿਦਯਾ ਮਹਾਂ ਭੀਮ ਰੂਪੰ ॥ ਮਹਾਂ ਭੀਰ ਮੈ ਧੀਰ ਦਾਤੀ ਸਰੂਪੰ ॥
ਤੁਹੀ ਸੈਫ ਪੱਟਾ ਮਹਾਂਕਾਟ ਕਾਤੀ ॥ ਅਨੁਗ ਆਪਣੇ ਕੋ ਅਭੈ ਦਾਨ ਦਾਤੀ ॥
ਜੋਊ ਮਯਾਨ ਤੇ ਵੀਰ ਤੋ ਕੋ ਸੜੱਕੈ ॥ ਪਰਲੈ ਕਾਲ ਕੇ ਸਿੰਧੁ ਬੱਕੈ ਕੜੱਕੈ ॥
ਧਸੈ ਖੇਤ ਮੇਂ ਹਾਥ ਲੈ ਤੋਹਿ ਸੂਰੇ ॥ ਭਿਰੇ ਸਾਮੁਹੇ ਸਿੱਧ ਸਾਵੰਤ ਪੂਰੇ ॥
ਸਮਰ ਸਾਮੁਹੇ ਸੀਸ ਤੋ ਪੈ ਚੜ੍ਹਾਵੈ ॥ ਮਹਾਂ ਭੂਪ ਹ੍ਵੈ ਔਤਰੈ ਰਾਜ ਪਾਵੈ ॥
ਮਹਾਂ ਭਾਵ ਸੋਂ ਜੋ ਕਰੈ ਤੋਰ ਪੂਜੰ ॥ ਸਮਰ ਜੀਤ ਕੈ ਸੂਰ ਹ੍ਵੈ ਹੈ ਅਦੂਜੰ ॥
ਤੁਮੈ ਪੂਜਹੈਂ ਬੀਰ ਬਾਨੈਤ ਛਤ੍ਰੀ ॥ ਮਹਾਂ ਖੜਗਧਾਰੀ ਮਹਾਂ ਤੇਜ ਅਤ੍ਰੀ ॥
ਪੜ੍ਹੈ ਪ੍ਰੀਤਿ ਸੋ ਪ੍ਰਾਤ ਅਸਤੋਤ੍ਰ ਯਾ ਕੋ ॥ ਕਰੈ ਰੁਦ੍ਰ ਕਾਲੀ ਨਮਸਕਾਰ ਤਾ ਕੋ ॥
ਰੁਧਰ ਮੱਜਨੀ ਬਿੰਜਨੀ ਹੈ ਸਗੌਤੀ ॥ ਸਦਾ ਜੈ ਸਦਾ ਜੈ ਸਦਾ ਜੈ ਭਗੌਤੀ ॥
ਸਦਾ ਦਾਹਨੇ ਦਾਸ ਕੇ ਦਾਨ ਦੀਜੈ ॥ ਗੁਰੂ ਸ਼ਾਹ ਗੋਬਿੰਦ ਕੀ ਰੱਖ ਕੀਜੈ ॥

Ajingya